# ਬਾਰਗੇਨਿੰਗ ਦੇ ਔਖੇ ਦੌਰ ਵਿਚ ਅੰਤਰਿਮ ਐਗਰੀਮੈਂਟ ਤਰਜੀਹੀ ਮਾਮਲਿਆਂ ਵਿਚ ਅੱਗੇ ਵਧਦਾ ਹੈ

ਬੀ ਸੀ ਦੇ 14000 ਕਮਿਊਨਟੀ ਹੈਲਥ ਵਰਕਰਾਂ - ਜਿਸ ਵਿਚ 8800 ਬੀ ਸੀ ਜੀ ਈ ਯੂ ਦੇ ਮੈਂਬਰ ਵੀ ਸ਼ਾਮਲ ਹਨ - ਨੂੰ ਨਵੇਂ ਕੌਲੈਕਟਿਵ (ਸਾਂਝੇ) ਐਗਰੀਮੈਂਟ ਨਾਲ ਸਹਿਮਤ ਹੋਣ ਲਈ ਉਤਸ਼ਾਹ ਦਿੱਤਾ ਜਾ ਰਿਹਾ ਹੈ ਜਿਸ ਨੇ ਕਿ ਬੀ ਸੀ ਜੀ ਈ ਯੂ ਬਾਰਗੇਨਿੰਗ ਕਾਨਫਰੰਸ ਵਿਚਲੇ ਡੈਲੀਗੇਟਾਂ ਵਲੋਂ ਪਛਾਣੇ ਗਏ ਤਰਜੀਹੀ ਮਾਮਲਿਆਂ ਵਿਚ ਸੁਧਾਰ ਕੀਤਾ ਹੈ।

ਸਮਝੌਤੇ ਦੀਆਂ ਬਹੁਤ ਸਾਰੀਆਂ ਪ੍ਰਾਪਤੀਆਂ ਮੈਂਬਰਾਂ ਦੀ ਜੇਬ ਵਿਚ ਵਾਧੂ ਪੈਸੇ ਪਾਉਣਗੀਆਂ, ਜਿਸ ਵਿਚ ਨਵਾਂ ਬਲੂਨੈੱਟ ਕਾਰਡ (ਸਿੱਧੀ ਅਦਾਇਗੀ ਕਰਨ ਵਾਲਾ ਡਰੱਗ ਕਾਰਡ), ਵੀਕਐਂਡ ਦੇ ਕੰਮ ਲਈ ਸ਼ਿਫਟ ਇਵਜ਼ਾਨਾ, ਅਤੇ ਅੱਖਾਂ ਦੀ ਸੰਭਾਲ ਲਈ ਜ਼ਿਆਦਾ ਬੈਨੇਫਿਟ ਸ਼ਾਮਲ ਹਨ। ਇਕ ਨਵੀਂ ਸਾਂਝੀ ਕਮੇਟੀ ਟਾਈਮ ਟੇਬਲ ਦੀ ਲੰਮੇ ਸਮੇਂ ਤੋਂ ਚੱਲ ਰਹੀ ਸਮੱਸਿਆ ਦਾ ਹੱਲ ਕਰੇਗੀ, ਜਿੱਥੇ ਇਸ ਦਾ ਹੱਲ ਮੈਂਬਰਾਂ ਦੀ ਘੰਟਿਆਂ ਤੱਕ ਪਹੁੰਚ ਵਧਾਏਗਾ ਅਤੇ ਹੈਲਥ ਵਰਕਰਾਂ ਨੂੰ 8 ½ ਘੰਟੇ ਦੀ ਵਿੰਡੋ ਵਿਚ ਕੰਮ ਕਰਨ ਦੇ ਮੌਕੇ ਮਿਲ ਸਕਦੇ ਹਨ। ਇਹ ਸਾਰੀਆਂ ਤਰਜੀਹਾਂ ਸਮਝੌਤੇ ਲਈ ਸੰਖੇਪ ਅਤੇ ਤੇਜ਼ ਗੱਲਬਾਤ ਵਿਚ ਸ਼ਾਮਲ ਰਹੀਆਂ ਹਨ।

ਇਕ ਨਵੀਂ ਸ਼ਰਤ, ਉਨ੍ਹਾਂ ਮੈਂਬਰਾਂ ਲਈ ਡੈਂਟਲ ਅਤੇ ਮੈਡੀਕਲ ਬੈਨੇਫਿਟ ਜਾਰੀ ਰੱਖੇਗੀ ਜਿਹੜੇ ਕਿ 8 ਹਫਤੇ ਤੱਕ ਕਿਸੇ ਦੀ ਸੰਭਾਲ ਲਈ ਛੁੱਟੀ (ਕਮਪੈਸ਼ਨੇਟ ਕੇਅਰ ਲੀਵ) ਲੈਂਦੇ ਹਨ। ਇਕ ਅਜਿਹੀ ਪਲੈਨ ਬਾਰੇ ਸਿਫਾਰਸ਼ਾਂ ਕਰਨ ਲਈ ਇਕ ਨਵਾਂ ਐੱਸ ਟੀ ਆਈ ਆਈ ਪੀ ਵਰਕਿੰਗ ਗਰੁੱਪ ਬਣਾਇਆ ਗਿਆ ਹੈ ਜਿਹੜੀ ਪਲੈਨ ਇਹ ਯਕੀਨੀ ਬਣਾਏਗੀ ਕਿ ਜਿਹੜੇ ਬੀਮਾਰ ਵਰਕਰਾਂ ਦੀ ਬੀਮਾਰੀ ਦੀ ਛੁੱਟੀ ਖਤਮ ਹੋ ਜਾਂਦੀ ਹੈ, ਉਨ੍ਹਾਂ ਕੋਲ ਲੌਂਗ ਟਰਮ (ਲੰਮੇ ਸਮੇਂ ਲਈ) ਡਿਸਏਬਿਲਟੀ ਪਲੈਨ ਸ਼ੁਰੂ ਹੋਣ ਤੱਕ ਕਵਰੇਜ ਰਹੇ।

ਮੈਂਬਰਾਂ ਨੇ ਕੰਮ ਸੁਰੱਖਿਆ (ਜੌਬ ਸਕਿਉਰਟੀ) ਦੀ ਵੀ ਮੰਗ ਕੀਤੀ ਸੀ ਅਤੇ ਅੰਤਰਿਮ ਐਗਰੀਮੈਂਟ ਵਿਚ ਰੁਜ਼ਗਾਰ ਦੀ ਸੁਰੱਖਿਆ ਬਾਰੇ ਨਵੀਂਆਂ ਸ਼ਰਤਾਂ ਹਨ ਜਿਹੜੀਆਂ ਇਮਪਲੌਇਅਰ (ਕੰਮ-ਮਾਲਕ) ਲਈ ਕੰਮ ਨੂੰ ਠੇਕੇ `ਤੇ ਦੇਣਾ ਜ਼ਿਆਦਾ ਮਹਿੰਗਾ ਬਣਾਉਂਦੀਆਂ ਹਨ ਅਤੇ ਇਨ੍ਹਾਂ ਸ਼ਰਤਾਂ ਦੇ ਲਾਗੂ ਹੋਣ ਦੀ ਸੀਮਾ (ਥਰੈਸ਼ਹੋਲਡ) ਨੂੰ ਘਟਾਉਂਦੀਆਂ ਹਨ।

ਐਗਰੀਮੈਂਟ ਵਿਚ ਮੁਕਾਬਲਤਨ ਥੋੜ੍ਹੀ ਗਿਣਤੀ ਦੇ ਐੱਲ ਪੀ ਐੱਨਜ਼, ਐੱਲ ਪੀ ਐੱਨ ਸੁਪਰਵਾਈਜ਼ਰ ਅਤੇ ਸਰਟੀਫਾਇਡ ਡੈਂਟਲ ਅਸਿਸਟੈਂਟਸ ਲਈ ਵੇਜ ਗਰਿੱਡ ਜਾਂ ਬੈਂਚਮਾਰਕਸ ਵਿਚ ਤਬਦੀਲੀਆਂ ਵੀ ਸ਼ਾਮਲ ਹਨ ਜਿਨ੍ਹਾਂ ਦੇ ਰੋਲ ਅਤੇ ਪ੍ਰੈਕਟਿਸ ਦੇ ਖੇਤਰ ਵਧ ਗਏ ਹਨ ਅਤੇ ਸਰਟੀਫਾਇਡ ਡੈਂਟਲ ਅਸਿਸਟੈਂਟਸ ਲਈ ਪ੍ਰੈਕਟਿਸ ਦੇ ਖੇਤਰ ਵਿਚ ਅਤੇ ਭਰਤੀ ਅਤੇ ਕੰਮ `ਤੇ ਰੱਖੀ ਰੱਖਣ ਦੇ ਮਾਮਲਿਆਂ ਵਿਚ ਤਬਦੀਲੀਆਂ ਵੀ ਸ਼ਾਮਲ ਹਨ।

ਬੀ ਸੀ ਜੀ ਈ ਯੂ ਦੇ ਪ੍ਰਧਾਨ ਡੈਰਲ ਵਾਕਰ ਦਾ ਕਹਿਣਾ ਹੈ, ''ਬਹੁਤ ਔਖੀ ਸੌਦੇਬਾਜ਼ੀ ਦੇ ਸਾਲ ਵਿਚ, ਤੁਹਾਡੀ ਕਮੇਟੀ ਘੱਟ ਵਰਤੋਂ ਵਾਲੇ ਬੈਨੇਫਿਟਸ ਲੱਭਣ ਵਿਚ ਅਤੇ ਇਨ੍ਹਾਂ ਨੂੰ ਕਈ ਸੁਧਾਰਾਂ ਵਿਚ ਬਦਲਣ ਦੇ ਯੋਗ ਹੋਈ ਜਿਹੜੇ ਕਿ ਹੁਣ ਮੈਂਬਰਸ਼ਿਪ ਦੇ ਵੱਡੇ ਹਿੱਸਿਆਂ ਲਈ ਪਹੁੰਚਯੋਗ ਹਨ।``

ਬੀ ਸੀ ਜੀ ਈ ਯੂ ਦੀ ਕਮਿਊਨਟੀ ਹੈਲਥ ਬਾਰਗੇਨਿੰਗ ਕਮੇਟੀ ਇਸ ਨੂੰ ਪ੍ਰਵਾਨ ਕਰਨ ਦੀ ਸਿਫਾਰਸ਼ ਕਰ ਰਹੀ ਹੈ।

ਅੱਗੇ ਨਵੇਂ ਅੰਤਰਿਮ ਐਗਰੀਮੈਂਟ ਵਿਚ ਤਬਦੀਲੀਆਂ ਦਾ ਸੰਖੇਪ ਦੱਸਿਆ ਗਿਆ ਹੈ। ਅੰਤਿਕਾ (ਅਪਿਨਡਿਕਸ) ਖਾਸ ਆਰਟੀਕਲਾਂ ਅਤੇ ਬੋਲੀ ਵਿਚ ਤਬਦੀਲੀਆਂ ਬਾਰੇ ਦੱਸਦੀ ਹੈ।

**ਨਵਾਂ ਸਿੱਧੀ ਅਦਾਇਗੀ ਕਰਨ ਵਾਲਾ ਡਰੱਗ ਕਾਰਡ**

ਮੈਂਬਰਾਂ ਨੂੰ ਹੁਣ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਦੇ ਖਰਚਿਆਂ ਦੀਆਂ ਰਸੀਦਾਂ ਸਾਂਭਣ, ਕਲੇਮ ਫਾਇਲ ਕਰਨ ਅਤੇ ਪੈਸੇ ਵਾਪਸ ਮਿਲਣ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। 1 ਅਪਰੈਲ, 2010 ਤੋਂ ਮੈਂਬਰਾਂ ਨੂੰ ਬਲੂਨੈੱਟ ਕਾਰਡ (ਸਿੱਧੀ ਅਦਾਇਗੀ ਕਰਨ ਵਾਲਾ ਡਰੱਗ ਕਾਰਡ) ਜਾਰੀ ਕੀਤਾ ਜਾਵੇਗਾ। ਇਸ ਕਾਰਡ ਨਾਲ, ਜਦੋਂ ਮੈਂਬਰ, ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਸਥਾਨਕ ਬਹੁਤੇ ਡਰੱਗ ਸਟੋਰਾਂ ਤੋਂ ਖਰੀਦਣਗੇ ਤਾਂ ਉਨ੍ਹਾਂ ਦੇ ਖਰਚੇ ਆਪਣੇ ਆਪ ਪੈਸੇਫਿਕ ਬਲੂ ਕਰੌਸ ਨੂੰ ਦੱਸ ਦਿੱਤੇ ਜਾਣਗੇ। ਆਪਣੀ ਸਲਾਨਾ 100 ਡਾਲਰ ਦੀ ਕਟੌਤੀ ਤੋਂ ਖਰਚੇ ਵਧ ਜਾਣ ਤੋਂ ਬਾਅਦ, ਮੈਂਬਰ ਆਪਣੀ ਖਰੀਦ ਦੇ ਖਰਚੇ ਦਾ ਸਿਰਫ 20 ਫੀ ਸਦੀ ਦੇਣਗੇ।

ਬਲੂਨੈੱਟ ਕਾਰਡ ਵੱਲ ਸ਼ਿਫਟ ਕਰਨਾ, ਬੀ ਸੀ ਜੀ ਈ ਯੂ ਦੇ ਮੈਂਬਰਾਂ ਦੀ ਸੌਦੇਬਾਜ਼ੀ (ਬਾਰਗੇਨਿੰਗ) ਵਿਚ ਸਭ ਤੋਂ ਵੱਡੀ ਤਰਜੀਹ ਸੀ।

**ਵੀਕਐਂਡ ਸ਼ਿਫਟ ਲਈ ਇਵਜ਼ਾਨਾ**

ਕਮਿਊਨਟੀ ਕੇਅਰ ਦੀ ਹਫਤੇ ਦੇ ਸੱਤੇ ਦਿਨ ਲੋੜ ਹੁੰਦੀ ਹੈ ਅਤੇ ਬਹੁਤ ਸਾਰੇ ਕਮਿਊਨਟੀ ਹੈਲਥ ਵਰਕਰ, ਛਨਿਚਰਵਾਰ ਅਤੇ ਐਤਵਾਰ ਨੂੰ ਕੰਮ ਕਰਦੇ ਹਨ। ਇਨ੍ਹਾਂ ਵਰਕਰਾਂ ਨੇ ਇਸ ਚੀਜ਼ ਦੀ ਜ਼ੋਰਦਾਰ ਪਛਾਣ ਕੀਤੀ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਕੰਮ ਨੂੰ ਮਾਨਤਾ ਮਿਲੇ; ਉਹ ਆਦਰ ਹੋਇਆ ਦੇਖਣਾ ਚਾਹੁੰਦੇ ਸਨ।

2 ਅਪਰੈਲ, 2010 ਤੋਂ ਇਸ ਸੈਕਟਰ ਵਿਚ ਕੰਮ ਕਰਦੇ ਹਰ ਉਸ ਵਿਅਕਤੀ ਨੂੰ ਹਰ ਉਸ ਘੰਟੇ ਲਈ 25 ਸੈਂਟ ਵਾਧੂ ਮਿਲਣਗੇ ਜਿਹੜੇ ਸ਼ੁਕਰਵਾਰ ਦੀ ਅੱਧੀ ਰਾਤ ਤੋਂ ਬਾਅਦ ਅਤੇ ਐਤਵਾਰ ਨੂੰ ਅੱਧੀ ਰਾਤ ਤੱਕ ਦੇ ਸਮਿਆਂ ਵਿਚ ਕੰਮ ਕਰਦੇ ਹਨ। ਕਮਿਊਨਟੀ

ਹੈਲਥ ਸੈਕਟਰ ਵਿਚ ਕੰਮ ਕਰਦੇ ਬਹੁਗਿਣਤੀ ਮੈਂਬਰਾਂ ਨੂੰ ਤਨਖਾਹ ਵਿਚ ਇਸ ਵਾਧੇ ਤੋਂ ਫਾਇਦਾ ਹੋਵੇਗਾ। ਕਮੇਟੀ ਇਹ ਸਮਝਦੀ ਹੈ ਕਿ ਇਹ ਇਵਜ਼ਾਨਾ (ਪ੍ਰੀਮੀਅਮ) ਕਮੇਟੀ ਦੀ ਤਜਵੀਜ਼ ਨਾਲੋਂ ਘੱਟ ਹੈ ਪਰ ਇਹ ਇਕ ਚੰਗੀ ਸ਼ੁਰੂਆਤ ਹੈ ਅਤੇ ਪਿਛਲੀ ਵਾਰੀ ਹੋਏ ਫਾਇਦਿਆਂ ਤੋਂ ਅਗਾਂਹ ਹੈ ਜਦੋਂ ਸ਼ਿਫਟਾਂ ਨੂੰ ਕੋਲੈਕਟਿਵ ਐਗਰੀਮੈਂਟ ਵਿਚ ਸਪਸ਼ਟ ਕੀਤਾ ਗਿਆ ਸੀ।

**ਅੱਖਾਂ ਦੀ ਸੰਭਾਲ ਲਈ ਸੁਧਾਰ**

ਅੱਖਾਂ ਦੀ ਸੰਭਾਲ ਲਈ ਬੈਨੇਫਿਟ ਹਰ 24 ਮਹੀਨਿਆਂ ਪਿੱਛੇ 225 ਡਾਲਰ ਤੋਂ ਵਧ ਕੇ 350 ਡਾਲਰ ਹੋ ਗਏ ਹਨ। ਇਸ ਦਾ ਮਤਲਬ ਹੈ ਕਿ ਜਿਹੜੇ ਮੈਂਬਰ ਐਨਕਾਂ ਖਰੀਦਦੇ ਹਨ, ਉਹ ਜ਼ਿਆਦਾ ਪੈਸਿਆਂ ਦੀ ਵਾਪਸੀ ਲਈ ਹੱਕਦਾਰ ਹੋਣਗੇ। ਸੌਦੇਬਾਜ਼ੀ (ਬਾਰਗੇਨਿੰਗ) ਦੇ ਇਸ ਦੌਰ ਵਿਚ ਇਸ ਸੁਧਾਰ ਨੂੰ ਮੈਂਬਰਾਂ ਵਲੋਂ ਬਹੁਤ ਜ਼ਿਆਦਾ ਤਰਜੀਹ ਦਿੱਤੀ ਗਈ ਸੀ।

**ਨਵੇਂ ਬੈਨੇਫਿਟਾਂ ਨਾਲ ਕਿਸੇ ਦੀ ਸੰਭਾਲ ਲਈ ਛੁੱਟੀ**

ਮੈਂਬਰ, ਗੰਭੀਰ ਤੌਰ `ਤੇ ਬੀਮਾਰ ਪਰਿਵਾਰ ਦੇ ਮੈਂਬਰ ਦੀ ਸੰਭਾਲ ਕਰਨ ਲਈ ਅੱਠ ਹਫਤਿਆਂ ਦੀ ਗੈਰਹਾਜ਼ਰੀ ਦੀ ਛੁੱਟੀ ਲੈਣ ਦੇ ਹੱਕਦਾਰ ਹੋਣਗੇ। ਇਮਪਲੌਏਮੈਂਟ ਇਨਸ਼ੋਰੈਂਸ ਤੋਂ ਮਿਲਣ ਵਾਲੇ ਪੈਸਿਆਂ ਤੋਂ ਇਲਾਵਾ, ਰੈਗੂਲਰ ਮੁਲਾਜ਼ਮਾਂ ਦੇ ਮੈਡੀਕਲ ਅਤੇ ਡੈਂਟਲ ਬੈਨੇਫਿਟ ਇਸ ਛੁੱਟੀ ਦੇ ਸਮੇਂ ਦੌਰਾਨ ਜਾਰੀ ਰਹਿਣਗੇ।

**ਹੋਮ ਸੁਪੋਰਟ ਦੇ ਟਾਈਮ ਟੇਬਲ ਬਾਰੇ ਸਾਂਝੀ ਕਮੇਟੀ**

ਸੌਦੇਬਾਜ਼ੀ ਦੇ ਆਖਰੀ ਦੌਰ ਵਿਚ ਟਾਈਮ ਟੇਬਲ ਬਾਰੇ ਤਬਦੀਲੀਆਂ ਦੇ ਬਾਵਜੂਦ, ਮੈਂਬਰਾਂ ਨੂੰ ਟਾਈਮ ਟੇਬਲ ਦੇ ਸਬੰਧ ਵਿਚ ਔਖਿਆਈਆਂ ਆਉਣਾ ਜਾਰੀ ਹੈ। ਬਹੁਤ ਸਾਰੇ ਮੈਂਬਰਾਂ ਨੇ ਸੌਦੇਬਾਜ਼ੀ ਦੇ ਇਸ ਦੌਰ ਲਈ ਟਾਈਮ ਟੇਬਲ ਦੀ ਪਛਾਣ ਨੂੰ ਬਹੁਤ ਹੀ ਜ਼ਿਆਦਾ ਤਰਜੀਹ ਦਿੱਤੀ। ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਲਈ, ਆਰਟੀਕਲ 14 ਅਤੇ ਆਰਟੀਕਲ 15 ਅਧੀਨ ਕੰਮ ਦੇ ਟਾਈਮ ਟੇਬਲ ਦੇ ਸਬੰਧ ਵਿਚ ਵਿਚਾਰ ਕਰਨ ਅਤੇ ਸਿਫਾਰਸ਼ਾਂ ਕਰਨ ਲਈ ਯੂਨੀਅਨ-ਮੈਨੇਜਮੈਂਟ ਦਾ ਇਕ ਸਾਂਝਾ ਵਰਕਿੰਗ ਗਰੁੱਪ ਬਣਾਇਆ ਗਿਆ ਹੈ।

ਵਰਕਿੰਗ ਗਰੁੱਪ ਫੌਰਨ ਆਪਣਾ ਕੰਮ ਸ਼ੁਰੂ ਕਰ ਦੇਵੇਗਾ ਅਤੇ ਜਾਣਕਾਰੀ ਇਕੱਠੀ ਕਰੇਗਾ ਅਤੇ 30 ਜੂਨ, 2010 ਤੱਕ 10 ਘੰਟਿਆਂ ਦੀ ਵਿੰਡੋ ਬਾਰੇ ਸਿਫਾਰਸ਼ਾਂ ਕਰੇਗਾ। ਕਮੇਟੀ ਦਾ ਹੋਰ ਕੰਮ, ਸਮੇਂ ਦੀਆਂ ਮਿੱਥੀਆਂ ਗਈਆਂ ਹੱਦਾਂ ਮੁਤਾਬਕ ਮੁਕੰਮਲ ਕੀਤਾ ਜਾਵੇਗਾ। ਵੇਰਵੇ ਮੈਮੋਰੈਂਡਮ ਆਫ ਐਗਰੀਮੈਂਟ - ਸਕੈਜੂਲਿੰਗ ਜੋਆਇੰਟ ਵਰਕਿੰਗ ਗਰੁੱਪ ਵਿਚ ਤਹਿ ਕੀਤੇ ਗਏ ਹਨ (ਅੰਤਿਕਾ ਦੇਖੋ।)

**ਕੰਮ ਦੀ ਸੁਰੱਖਿਆ ਦੀਆਂ ਸ਼ਰਤਾਂ**

ਰੁਜ਼ਗਾਰ ਦੇ ਮੌਕੇ - ਮੈਮੋਰੈਂਡਮ ਆਫ ਐਗਰੀਮੈਂਟ ਨੰਬਰ 22

ਹੈਲਥ ਅਥਾਰਟੀਆਂ ਵਲੋਂ ਕੰਮ ਠੇਕੇ `ਤੇ ਦੇਣ / ਮੁੜ ਕੇ ਟੈਂਡਰ ਦੇਣ ਦੇ ਨਤੀਜੇ - ਐੱਮ ਓ ਏ ਨੰਬਰ 23

ਸੌਦੇਬਾਜ਼ੀ ਦੇ ਇਸ ਦੌਰ ਵਿਚ ਮੈਂਬਰਾਂ ਨੇ ਕੰਮ ਦੀ ਸੁਰੱਖਿਆ ਨੂੰ ਇਕ ਮੁੱਖ ਤਰਜੀਹ ਸਮਝਿਆ। ਐੱਮ ਓ ਏ ਨੰਬਰ 22 ਅਤੇ ਐੱਮ ਓ ਏ ਨੰਬਰ 23, ਸੌਦੇਬਾਜ਼ੀ ਦੇ ਅਖੀਰਲੇ ਦੌਰ ਵਿਚ ਕੋਲੈਕਟਿਵ ਐਗਰੀਮੈਂਟ ਵਿਚ ਸ਼ਾਮਲ ਕੀਤੇ ਗਏ। ਉਹ ਕੰਮ ਤੋਂ ਹਟਾਏ ਗਏ ਮੁਲਾਜ਼ਮਾਂ ਲਈ ਸਥਿਰਤਾ, ਜ਼ਿਆਦਾ ਸੈਵਰੈਂਸ ਅਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸ਼ਾਮਲ ਕੀਤੇ ਗਏ ਹਨ, ਜਿਸ ਵਿਚ ਸੀਨੀਆਰਟੀ ਦੇ ਹੱਕਾਂ ਨੂੰ ਜੋੜਨਾ ਵੀ ਸ਼ਾਮਲ ਹੈ। ਇਨ੍ਹਾਂ ਐੱਮ ਓ ਏ ਦੀ ਮਿਆਦ 30 ਮਾਰਚ, 2010 ਨੂੰ ਮੁੱਕਣੀ ਸੀ।

ਇਹ ਦੋਨੋਂ ਮੈਮੋਰੈਂਡਮ ਨਵਿਆਏ ਗਏ ਸਨ ਅਤੇ ਆਖਰੀ ਦੌਰ ਵਿਚ ਪ੍ਰਾਪਤ ਕੀਤੇ ਗਏ ਹੱਕ ਇਸ ਐਗਰੀਮੈਂਟ ਦੀ ਮਿਆਦ ਤੱਕ ਜਾਰੀ ਰਹਿਣਗੇ। ਐੱਮ ਓ ਏ ਨੰਬਰ 23 ਵਿਚ ਕੋਟਾ ਜਾਂ ਟ੍ਰਿਗਰ ਹੈ; ਜੇ ਲੇਅ ਔਫ ਹੋਏ ਵਰਕਰਾਂ ਦੀ ਗਿਣਤੀ ਟ੍ਰਿਗਰ ਨਾਲੋਂ ਵਧ ਜਾਵੇ ਤਾਂ ਕੰਮ ਨੂੰ ਠੇਕੇ `ਤੇ ਦੇਣ (ਕੌਂਨਟਰੈਕਟਿੰਗ ਆਊਟ) ਦੇ ਨਤੀਜੇ ਵਜੋਂ ਲੇਅ ਔਫ ਕੀਤੇ ਜਾਣ ਵਾਲੇ ਹੋਰ ਵਰਕਰ ਜ਼ਿਆਦਾ ਸੈਵਰੈਂਸ ਦੇ ਹੱਕਦਾਰ ਹੋਣਗੇ। 2006-2010 ਐਗਰੀਮੈਂਟ ਲਈ ਟ੍ਰਿਗਰ 700 `ਤੇ ਤਹਿ ਕੀਤਾ ਗਿਆ ਸੀ। ਸੌਦੇਬਾਜ਼ੀ ਦੇ ਇਸ ਦੌਰ ਵਿਚ, ਅਸੀਂ ਕਿਸੇ ਵੀ ਲੇਅਔਫ ਲਈ ਟ੍ਰਿਗਰ ਦੀ ਗਿਣਤੀ 500 ਘਟਾਉਣ ਦੇ ਯੋਗ ਹੋਏ ਸੀ ਜੋ ਕਿ 1 ਅਪਰੈਲ, 2010 ਤੋਂ 31 ਮਾਰਚ, 2012 ਦੇ ਸਮੇਂ ਵਿਚਕਾਰ ਵਾਪਰਨੇ ਸਨ।

**ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸਾਂ (ਐੱਲ ਪੀ ਐੱਨਜ਼), ਐੱਲ ਪੀ ਐੱਨ ਸੁਪਰਵਾਈਜ਼ਰ ਅਤੇ ਸਰਟੀਫਾਇਡ ਡੈਂਟਲ ਅਸਿਸਟੈਂਟਸ (ਸੀ ਡੀ ਏਜ਼)**

ਪ੍ਰੈਕਟਿਸ, ਅਤੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਦੇ ਖੇਤਰ ਵਿਚ ਵਾਧੇ ਨੂੰ ਮਾਨਤਾ ਦੇਣ ਲਈ ਐੱਲ ਪੀ ਐੱਨਜ਼, ਐੱਲ ਪੀ ਐੱਨ ਸੁਪਰਵਾਈਜ਼ਰਾਂ ਅਤੇ ਸੀ ਡੀ ਏਜ਼ ਦੇ ਵੇਜ ਗਰਿੱਡ ਅਤੇ ਬੈਂਚਮਾਰਕਸ ਵਿਚ ਤਬਦੀਲੀਆਂ ਹੋਈਆਂ ਹਨ। 2 ਅਪਰੈਲ, 2010 ਨੂੰ, ਜੋ ਕਿ ਐਗਰੀਮੈਂਟ ਨੂੰ ਪ੍ਰਵਾਨ ਕਰਨ ਤੋਂ ਬਾਅਦ ਤਨਖਾਹ ਦਾ ਪਹਿਲਾ ਸਮਾਂ ਹੈ, ਪੇਅ ਗਰਿੱਡ ਦੇ ਕਦਮ (ਸਟੈਪ) 4 `ਤੇ ਸਾਰੇ ਐੱਲ ਪੀ ਐੱਨ ਇਕ ਨਵੇਂ ਕਦਮ 5 `ਤੇ ਮੂਵ ਹੋ ਜਾਣਗੇ ਜੋ ਕਿ ਕਦਮ 4 ਨਾਲੋਂ 3 ਫੀ ਸਦੀ ਜ਼ਿਆਦਾ ਹੈ। ਇਸ ਦੇ ਨਾਲ ਹੀ, 2 ਅਪਰੈਲ, 2010 ਨੂੰ ਐੱਲ ਪੀ ਐੱਨ ਤਨਖਾਹਾਂ ਦਾ ਕਦਮ 1 ਖਤਮ ਕਰ ਦਿੱਤਾ ਜਾਵੇਗਾ ਅਤੇ ਨਵੀਂਆਂ ਭਰਤੀਆਂ ਕਦਮ 2 `ਤੇ ਸ਼ੁਰੂ ਹੋਣਗੀਆਂ। ਅਪਰੈਲ 2011 ਵਿਚ, ਇਕ ਨਵਾਂ ਕਦਮ 6 ਸ਼ੁਰੂ ਕੀਤਾ ਜਾਵੇਗਾ ਅਤੇ ਕਦਮ 2 ਖਤਮ ਕਰ ਦਿੱਤਾ ਜਾਵੇਗਾ। ਇਸ ਦਾ ਕਮਿਉਨਟੀ ਹੈਲਥ ਵਿਚਲੇ ਤਕਰੀਬਨ 300 ਐੱਲ ਪੀ ਐੱਨ `ਤੇ ਅਸਰ ਪੈਂਦਾ ਹੈ।

ਐੱਲ ਪੀ ਐੱਨ ਸੁਪਰਵਾਈਜ਼ਰਾਂ ਲਈ ਇਕ ਨਵਾਂ ਬੈਂਚਮਾਰਕ ਬਣਾਇਆ ਗਿਆ ਹੈ ਅਤੇ ਇਸ ਨਾਲ ਇਨ੍ਹਾਂ ਮੈਂਬਰਾਂ ਦੇ ਮੁਆਵਜ਼ੇ ਵਿਚ 2 ਅਪਰੈਲ, 2010 ਨੂੰ 3 ਫੀ ਸਦੀ ਵਾਧਾ ਹੋਵੇਗਾ ਅਤੇ 3 ਫੀ ਸਦੀ ਵਾਧਾ ਅਪਰੈਲ 2011 ਦੀ ਪਹਿਲੀ ਤਨਖਾਹ ਤੋਂ ਹੋਵੇਗਾ।

ਅਪਰੈਲ 2010 ਦੀ ਪਹਿਲੀ ਤਨਖਾਹ ਵਿਚ, ਸੀ ਡੀ ਏਜ਼ 3 ਫੀ ਸਦੀ ਮੁਆਵਜ਼ੇ ਵਿਚ ਵਾਧਾ ਪ੍ਰਾਪਤ ਕਰਨਗੇ ਅਤੇ, ਅਪਰੈਲ 2011 ਦੀ ਪਹਿਲੀ ਤਨਖਾਹ ਤੋਂ 3 ਫੀ ਸਦੀ ਵਾਧਾ ਹੋਵੇਗਾ।

**ਐੱਸ ਟੀ ਆਈ ਆਈ ਪੀ ਸਾਂਝਾ ਵਰਕਿੰਗ ਗਰੁੱਪ**

ਥੋੜ੍ਹੇ ਸਮੇਂ ਦੀ ਬੀਮਾਰੀ ਅਤੇ ਸੱਟਾਂ ਬਾਰੇ ਇਕ ਪਲੈਨ ਤਿਆਰ ਕਰਨ ਅਤੇ ਸਿਫਾਰਸ਼ਾਂ ਕਰਨ ਲਈ ਅਸੀਂ ਇਕ ਸਾਂਝੇ ਵਰਕਿੰਗ ਗਰੁੱਪ ਵਿਚ ਹਿੱਸਾ ਲਵਾਂਗੇ। ਸਾਡੀ ਮੌਜੂਦਾ ਪਲੈਨ ਮੰਗ ਕਰਦੀ ਹੈ ਕਿ ਮੈਂਬਰ ਕੀਤੇ ਕੰਮ ਦੇ ਸਮੇਂ ਨੂੰ ਆਧਾਰ ਬਣਾ ਕੇ ਬੀਮਾਰੀ ਦੇ ਦਿਨ ਜਮ੍ਹਾਂ ਕਰਨ। ਬਹੁਤ ਸਾਰੇ ਬੀਮਾਰ ਜਾਂ ਜ਼ਖਮੀ ਵਰਕਰ ਜੋ ਕਿ ਕੁਝ ਮਹੀਨਿਆਂ ਲਈ ਕੰਮ ਕਰਨ ਦੇ ਅਯੋਗ ਹੁੰਦੇ ਹਨ, ਆਪਣੀਆਂ ਬੀਮਾਰੀ ਦੀਆਂ ਜਮ੍ਹਾਂ ਛੁੱਟੀਆਂ ਮੁਕਾ ਬਹਿੰਦੇ ਹਨ ਅਤੇ ਪੰਜ ਮਹੀਨੇ ਲੰਘਣ ਤੱਕ ਉਹ ਬੀਮਾਰੀ ਦੀ ਛੁੱਟੀ ਦੀ ਤਨਖਾਹ ਤੋਂ ਬਿਨਾਂ ਰਹਿੰਦੇ ਹਨ ਅਤੇ ਐੱਲ ਟੀ ਡੀ ਲਈ ਹੱਕਦਾਰ ਬਣਦੇ ਹਨ। ਥੋੜ੍ਹੇ ਸਮੇਂ ਲਈ ਬੀਮਾਰੀ ਅਤੇ ਸੱਟ ਪਲੈਨ (ਐੱਸ ਟੀ ਆਈ ਆਈ ਪੀ) ਹਰ ਹੱਕਦਾਰ ਵਰਕਰ ਨੂੰ ਉਨ੍ਹਾਂ ਪੰਜ ਮਹੀਨਿਆਂ ਲਈ ਤਨਖਾਹ ਦਿੰਦੀ ਹੈ ਜਿਨ੍ਹਾਂ ਵਿਚ ਉਹ ਡਿਸਏਬਲ ਹੁੰਦੇ ਹਨ ਅਤੇ ਕੰਮ ਕਰਨ ਦੇ ਅਯੋਗ ਹੁੰਦੇ ਹਨ। ਐੱਸ ਟੀ ਆਈ ਆਈ ਪੀ ਡਿਸਏਬਿਲਟੀ ਦੀ ਪਹਿਲੀ ਤਾਰੀਖ ਤੋਂ ਐੱਲ ਟੀ ਡੀ ਪੀਰੀਅਡ ਸ਼ੁਰ ਹੋਣ ਵਿਚਲੇ ਸਮੇਂ ਦਾ ਖੱਪਾ ਪੂਰਾ ਕਰਦੀ ਹੈ।

ਸਰਕਾਰ ਦੇ ''ਜ਼ੀਰੋ ਆਦੇਸ਼`` ਦਾ ਸਾਹਮਣਾ ਕਰਦੇ ਹੋਣ ਕਰਕੇ, ਤੁਹਾਡੀ ਕਮੇਟੀ ਨੇ ਕੋਲੈਕਟਿਵ ਐਗਰੀਮੈਂਟ ਵਿਚ ਘੱਟ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਬੈਨੇਫਿਟਾਂ ਦਾ ਪਤਾ ਲਾਇਆ ਜਿੱਥੇ ਉਹ ਮੁੱਖ ਤਰਜੀਹਾਂ ਲਈ ਪੈਸੇ ਲੱਭ ਸਕਦੇ ਸਨ ਅਤੇ ਕਮਿਊਨਟੀ ਹੈਲਥ ਸੈਕਟਰ ਵਿਚ ਵੱਧ ਤੋਂ ਵੱਧ ਮੈਂਬਰਾਂ ਦੀ ਹਾਲਤ ਸੁਧਾਰ ਸਕਦੇ ਸਨ। ਇਸ ਦਾ ਮਤਲਬ ਹੈ ਕਿ ਤਿੰਨ ਖੇਤਰਾਂ ਵਿਚ ਤਬਦੀਲੀਆਂ - ਐਕਸਟੈਂਡਿਡ ਹੈਲਥ ਕਟੌਤੀ, ਮਸਾਜ ਥੈਰੇਪੀ ਲਈ ਬੈਨੇਫਿਟ ਅਤੇ ਲੌਂਗ ਟਰਮ ਡਿਸਏਬਿਲਟੀ ਜਿਵੇਂ ਕਿ ਅੱਗੇ ਦੱਸਿਆ ਗਿਆ ਹੈ;

**ਐਕਸਟੈਂਡਿਡ ਹੈਲਥ ਕਟੌਤੀ**

1 ਅਪਰੈਲ, 2010 ਤੋਂ ਲਾਗੂ ਹੋ ਕੇ ਐਕਸਟੈਂਡਿਡ ਹੈਲਥ ਬੈਨੇਫਿਟਸ ਲਈ ਸਲਾਨਾ ਕਟੌਤੀ 100 ਡਾਲਰ ਹੋਵੇਗੀ। 25 ਡਾਲਰ ਦੀ ਮੌਜੂਦਾ ਕਟੌਤੀ, ਪਲੈਨ ਦੇ ਸ਼ੁਰੂ ਹੋਣ ਵੇਲੇ ਤੋਂ ਲਾਗੂ ਹੈ। ਬਹੁਤ ਸਾਰੀਆਂ ਪਲੈਨਾਂ ਨੇ ਹੁਣੇ ਹੁਣੇ ਇਹ ਕਟੌਤੀ ਵਧਾਈ ਹੈ, ਜਿਸ ਵਿਚ ਬੀ ਸੀ ਸਰਕਾਰ ਲਈ ਸਿੱਧੇ ਕੰਮ ਕਰਦੇ ਬੀ ਸੀ ਜੀ ਈ ਯੂ ਮੈਂਬਰਾਂ ਨੂੰ ਕਵਰ ਕਰਦੀ ਪਲੈਨ ਵੀ ਸ਼ਾਮਲ ਹੈ।

**ਮਸਾਜ ਥੈਰੇਪੀ ਬੈਨੇਫਿਟ**

1 ਅਪਰੈਲ, 2010 ਤੋਂ ਲਾਗੂ ਹੋ ਕੇ ਮਸਾਜ ਥੈਰੇਪੀ ਲਈ ਵੱਧ ਤੋਂ ਵੱਧ ਬੈਨੇਫਿਟ 1000 ਡਾਲਰ ਹੋਣਗੇ। ਇਸ ਵੇਲੇ ਕੋਈ ਵੱਧ ਤੋਂ ਵੱਧ ਰਕਮ ਨਹੀਂ ਹੈ।

**ਲੌਂਗ ਟਰਮ ਡਿਸਏਬਿਲਟੀ - ਪਹਿਲਾ ਮੌਜੂਦ ਬੀਮਾਰੀਆਂ**

ਲੌਂਗ ਟਰਮ ਡਿਸਏਬਿਲਟੀ ਲਈ ਹੱਕਦਾਰੀ ਵਿਚ ਉਨ੍ਹਾਂ ਨਵੇਂ ਵਰਕਰਾਂ ਲਈ ਸੋਧ ਕੀਤੀ ਗਈ ਹੈ ਜਿਹੜੇ 1 ਅਪਰੈਲ, 2010 ਤੋਂ ਬਾਅਦ ਰੱਖੇ ਜਾਣੇ ਹਨ। ਜੇ ਕਿਸੇ ਵਰਕਰ ਦਾ ਕਿਸੇ ਬੀਮਾਰੀ ਜਾਂ ਸੱਟ ਲਈ ਇਲਾਜ, ਕੰਮ `ਤੇ ਰੱਖੇ ਜਾਣ ਤੋਂ ਪਹਿਲਾਂ ਦੇ 90 ਦਿਨਾਂ ਵਿਚ ਹੋਇਆ ਹੈ, ਅਤੇ ਜੇ ਉਸ ਬੀਮਾਰੀ ਜਾਂ ਸੱਟ ਕਾਰਨ ਉਹ 12 ਮਹੀਨੇ ਦੇ ਲਗਾਤਾਰ ਸਮੇਂ ਲਈ ਕੰਮ ਕਰਨ ਦੇ ਅਯੋਗ ਹੈ ਤਾਂ ਉਸ ਨੂੰ ਲੌਂਗ ਟਰਮ ਡਿਸਏਬਿਲਟੀ ਤੋਂ ਬਾਹਰ ਰੱਖਿਆ ਜਾਂਦਾ ਹੈ। ਇਹ ਬੰਦਸ਼ ਬਹੁਤ ਸਾਰੀਆਂ ਡਿਸਏਬਿਲਟੀ ਪਲੈਨਾਂ ਵਿਚ ਸ਼ਾਮਲ ਹੈ, ਜਿਸ ਵਿਚ ਪਬਲਿਕ ਸਰਵਿਸ ਪਲੈਨ ਵੀ ਸ਼ਾਮਲ ਹੈ ਜਿਹੜੀ ਸੂਬਾਈ ਸਰਕਾਰ ਲਈ ਕੰਮ ਕਰਦੇ ਬੀ ਸੀ ਜੀ ਈ ਯੂ ਮੈਂਬਰਾਂ ਨੂੰ ਕਵਰ ਕਰਦੀ ਹੈ।

**ਲੌਂਗ ਟਰਮ ਡਿਸਏਬਿਲਟੀ - ਬੈਨੇਫਿਟਾਂ ਦੀਆਂ ਸ਼ਰਤਾਂ**

1 ਅਪਰੈਲ, 2010 ਤੋਂ ਲਾਗੂ ਹੋ ਕੇ, ਆਪਣੇ ਕਿੱਤਿਆਂ ਵਿਚ ਕੰਮ ਨਾ ਕਰ ਸਕਣ ਵਾਲੇ ਯੋਗ ਦਾਅਵੇਦਾਰਾਂ (ਕਲੇਮੈਂਟਸ) ਲਈ ਲੌਂਗ ਟਰਮ ਡਿਸਏਬਿਲਟੀ ਲੈਣ ਦਾ ਸਮਾਂ 19 ਮਹੀਨੇ ਹੋਵੇਗਾ। ਹੱਕਦਾਰ ਦਾਅਵੇਦਾਰ ਬੀਮਾਰੀ ਦੀ ਛੁੱਟੀ ਪੰਜ ਮਹੀਨਿਆਂ ਲਈ ਕਲੇਮ ਕਰਨ ਦੇ ਯੋਗ ਹੋਣਗੇ ਅਤੇ ਜੇ ਉਹ ਆਪਣੇ ਕਿੱਤੇ ਵਿਚ ਕੰਮ ਕਰਨ ਦੇ ਅਯੋਗ ਹੋਣਾ ਜਾਰੀ ਰਹਿੰਦੇ ਹਨ ਤਾਂ ਉਹ 19 ਹੋਰ ਮਹੀਨੇ ਐੱਲ ਟੀ ਡੀ ਕਲੇਮ ਕਰਨ ਦੇ ਯੋਗ ਹੋਣਗੇ। ਬੀਮਾਰੀ ਦੀ ਛੁੱਟੀ ਅਤੇ ਐੱਲ ਟੀ ਡੀ ਦਾ ਕੁੱਲ ਸਮਾਂ 24 ਮਹੀਨੇ ਹੋਵੇਗਾ।

ਜੇ ਕੋਈ ਦਾਅਵੇਦਾਰ 24 ਮਹੀਨੇ ਦੇ ਇਸ ਸਮੇਂ ਤੋਂ ਅਗਾਂਹ ਵੀ ਬੀਮਾਰ ਰਹਿੰਦਾ ਹੈ ਜਾਂ ਕੰਮ ਕਰਨ ਦੇ ਅਯੋਗ ਰਹਿੰਦਾ ਹੈ ਤਾਂ ਬੈਨੇਫਿਟਾਂ ਲਈ ਉਸ ਦੀ ਹੱਕਦਾਰੀ ਨਾ ਬਦਲਣਯੋਗ ਰਹਿੰਦੀ ਹੈ। ਮੌਜੂਦਾ ਹੱਕਦਾਰੀ ਬੀਮਾਰੀ ਦੀ ਛੁੱਟੀ ਲਈ ਪੰਜ ਮਹੀਨੇ ਅਤੇ ਐੱਲ ਟੀ ਡੀ ਲਈ 24 ਮਹੀਨੇ ਹੈ।

ਨਵੇਂ ਐਗਰੀਮੈਂਟ ਵਿਚਲੀਆਂ ਹੋਰ ਮਹੱਤਵਪੂਰਨ ਤਬਦੀਲੀਆਂ ਵਿਚ, ਪੁਰਾਣੇ ਮਸਲਿਆਂ ਦੇ ਹੱਲ ਕਰਨ ਲਈ ਵਰਕਿੰਗ ਗਰੁੱਪ ਬਣਾਉਣ ਦੇ ਐਗਰੀਮੈਂਟ ਸ਼ਾਮਲ ਹਨ।

**ਨਵੇਂ ਬੈਨੇਫਿਟ ਸਾਂਝੇ ਵਰਕਿੰਗ ਗਰੁੱਪ**

ਸਾਡੀ ਯੂਨੀਅਨ, ਕਮਿਉਨਟੀ ਹੈਲਥ ਸੈਕਟਰ ਵਿਚਲੀਆਂ ਹੋਰ ਯੂਨੀਅਨਾਂ ਨਾਲ ਰਲ ਕੇ, ਇਮਪਲੌਏਅਰ ਨੂੰ ਮਿਲੇਗੀ ਤਾਂ ਜੋ ਹੈਲਥ ਐਂਡ ਵੈਲਫੇਅਰ ਬੈਨੇਫਿਟ ਪਲੈਨਾਂ `ਤੇ ਵਿਚਾਰ ਅਤੇ ਉਨ੍ਹਾਂ ਖੇਤਰਾਂ ਦੀ ਪਛਾਣ ਹੋ ਸਕੇ ਜਿੱਥੇ ਅਸੀਂ ਬੈਨੇਫਿਟਾਂ ਵਿਚ ਸੁਧਾਰ ਕਰ ਸਕੀਏ ਅਤੇ ਬੈਨੇਫਿਟਾਂ ਦੇ ਖਰਚਿਆਂ ਵਿਚ ਵਾਧੇ ਨੂੰ ਘਟਾ ਸਕੀਏ। ਕਮੇਟੀ ਆਪਣੀ ਰਿਪੋਰਟ 30 ਸਤੰਬਰ, 2010 ਤੱਕ ਪੇਸ਼ ਕਰੇਗੀ।

**ਹੈਲਥ ਬੈਨੇਫਿਟ ਟਰੱਸਟ**

ਇਸ ਸ਼ਰਤ ਵਿਚ ਕਿ ਹੈਲਥਕੇਅਰ ਬੈਨੇਫਿਟ ਟਰੱਸਟ ਬੈਨੇਫਿਟ ਪ੍ਰਦਾਨ ਕਰਨ ਵਾਲਾ ਨਿਯੁਕਤ ਟਰੱਸਟ ਹੋਵੇਗਾ, ਸੁਧਾਰ ਕੀਤਾ ਗਿਆ ਹੈ ਤਾਂ ਜੋ ਕਿਸੇ ਵੱਖਰੇ, ਆਪਸੀ ਸਹਿਮਤੀ ਵਾਲੇ ਕੈਰੀਅਰ ਨੂੰ ਆਗਿਆ ਦਿੱਤੀ ਜਾ ਸਕੇ। ਇਸ ਨਾਲ ਬੈਨੇਫਿਟਸ ਬਾਰੇ ਸਾਂਝੇ ਵਰਕਿੰਗ ਗਰੁੱਪ ਨੂੰ ਹੋਰ ਕੈਰੀਅਰਾਂ ਬਾਰੇ ਵਿਚਾਰ ਕਰਨ ਦਾ ਮੌਕਾ ਮਿਲੇਗਾ ਜਿਹੜੇ ਸ਼ਾਇਦ ਘੱਟ ਖਰਚੇ `ਤੇ ਓਹੀ ਬੈਨੇਫਿਟ ਪੈਕੇਜ ਦੇ ਸਕਦੇ ਹੋਣ।

**ਨਵੀਂ ਕਮਿਉਨਟੀ ਹੈਲਥ ਜੋਆਇੰਟ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ**

ਉਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਲਈ ਇਕ ਨਵੀਂ ਕਮਿਉਨਟੀ ਹੈਲਥ ਜੋਆਇੰਟ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ ਜਿਹੜੀਆਂ ਕੋਲੈਕਟਿਵ ਐਗਰੀਮੈਂਟ ਦੀ ਮਿਆਦ ਦੌਰਾਨ ਪੈਦਾ ਹੁੰਦੀਆਂ ਹਨ। ਇਹ ਕਮੇਟੀ ਕਮਿਉਨਟੀ ਬਾਰਗੇਨਿੰਗ ਐਸੋਸੀਏਸ਼ਨ ਅਤੇ ਐੱਚ ਈ ਏ ਬੀ ਸੀ ਦੇ ਨੁਮਾਇੰਦਿਆਂ ਵਿੱਚੋਂ ਬਣਾਈ ਗਈ ਹੈ। ਇਹ ਕਮੇਟੀ ਹਰ ਸਾਲ ਚਾਰ ਵਾਰੀ ਮਿਲੇਗੀ। ਜਿਹੜਾ ਪਹਿਲਾ ਮਸਲਾ ਕਮੇਟੀ ਹੱਲ ਕਰੇਗੀ ਉਹ ਹੈ ਸੀਨੀਆਰਟੀ ਦਾ ਹਿਸਾਬ ਲਾਉਣ ਲਈ ਇਕ ਆਮ ਤਰੀਕਾ ਤਿਆਰ ਕਰਨ ਦਾ ਮਸਲਾ।

**ਸੀਨੀਆਰਟੀ**

ਨਵੀਂ ਕਮਿਉਨਟੀ ਹੈਲਥ ਜੋਆਇੰਟ ਕਮੇਟੀ ਸੀਨੀਆਰਟੀ ਦਾ ਹਿਸਾਬ ਲਾਉਣ ਦੇ ਤਰੀਕੇ `ਤੇ ਵਿਚਾਰ ਕਰੇਗੀ ਅਤੇ ਸੀਨੀਆਰਟੀ ਦਾ ਹਿਸਾਬ ਲਾਉਣ ਲਈ ਇਕ ਸਟੈਂਡਰਡ ਪਹੁੰਚ ਤਿਆਰ ਕਰਨ ਦੀ ਕੋਸ਼ਿਸ਼ ਕਰੇਗੀ।

**ਆਰਬੀਟਰੇਟਰ**

ਤਿੰਨ ਨਵੇਂ ਆਰਬੀਟਰੇਟਰ (ਵਿਚੋਲੇ) ਲਿਸਟ ਵਿਚ ਪਾਏ ਗਏ ਹਨ ਅਤੇ ਆਰਬੀਟਰੇਸ਼ਨ ਤੱਕ ਸ਼ਿਕਾਇਤਾਂ ਪਹੁੰਚਾਉਣ ਦੇ ਸਮੇਂ ਨੂੰ ਘਟਾਉਣ ਦੇ ਮਕਸਦ ਲਈ ਇਕ ਨਵਾਂ ਪ੍ਰਬੰਧ ਮੌਜੂਦ ਹੈ।

### ਮੈਮੋਰੈਂਡਾ ਆਫ ਐਗਰੀਮੈਂਟ ਜਾਰੀ ਰਹੇਗਾ

ਮੈਮੋਰੈਂਡਾ ਆਫ ਐਗਰੀਮੈਂਟ ਤੋਂ ਬਿਨਾਂ ਜੋ ਕਿ ਹੁਣ ਲਾਗੂ ਹੋਣ ਯੋਗ ਨਹੀਂ ਹੈ, ਬਾਕੀ ਸਾਰੇ ਐੱਮ ਓ ਏ ਬਦਲ ਦਿੱਤੇ ਗਏ ਹਨ। ਇਸ ਵਿਚ ਉਨ੍ਹਾਂ ਮੈਂਬਰਾਂ ਲਈ ਵਧੀਆ ਬੈਨੇਫਿਟ ਨਾਲ ਸੰਬੰਧਿਤ ਐੱਮ ਓ ਏ ਸ਼ਾਮਲ ਹੈ ਜਿਨ੍ਹਾਂ ਨੂੰ ਪਬਲਿਕ ਸਰਵਿਸ ਤੋਂ ਬਦਲਿਆ ਗਿਆ ਸੀ। ਇਨ੍ਹਾਂ ਮੈਮੋਰੈਂਡਾ ਦੀ ਵਿਸਥਾਰ ਵਿਚ ਲਿਸਟ ਅੰਤਿਕਾ ਵਿਚ ਦੇਖੀ ਜਾ ਸਕਦੀ ਹੈ।

### ਬਿੱਲ 29 ਵਿਚ ਸੋਧਾਂ ਦੇ ਨਤੀਜੇ ਵਜੋਂ ਅਸਿੱਧੀਆਂ ਸੋਧਾਂ

ਕੋਲੈਕਟਿਵ ਐਗਰੀਮੈਂਟ ਦੀ 2006-2010 ਦੀ ਮਿਆਦ ਦੌਰਾਨ, ਸਾਡੀ ਯੂਨੀਅਨ, ਸਾਡੇ ਉਨ੍ਹਾਂ ਮੈਂਬਰਾਂ ਲਈ ਪੇਮੈਂਟਾਂ ਲੈਣ ਲਈ ਸੂਬਾਈ ਸਰਕਾਰ ਨਾਲ ਸੌਦੇਬਾਜ਼ੀ ਕਰਨ ਦੇ ਯੋਗ ਹੋਈ ਸੀ ਜਿਨ੍ਹਾਂ ਦਾ ਕੰਮ ਜਾਂ ਤਨਖਾਹਾਂ ਬਿੱਲ 29 ਕਾਰਨ ਜਾਂਦੇ ਰਹੇ ਸਨ। ਅਸੀਂ ਹੋਰ ਵੀ ਵੱਖ ਵੱਖ ਐਗਰੀਮੈਂਟ ਕੀਤੇ ਜਿਸ ਨਾਲ ਸਾਡੇ ਕੋਲੈਕਟਿਵ ਐਗਰੀਮੈਂਟ ਉੱਪਰ ਬਿੱਲ 29 ਦਾ ਅਸਰ ਘਟਿਆ। ਇਹ ਐਗਰੀਮੈਂਟ ਹੁਣ ਕੋਲੈਕਟਿਵ ਐਗਰੀਮੈਂਟ ਵਿਚ ਸ਼ਾਮਲ ਕਰ ਦਿੱਤੇ ਗਏ ਹਨ ਅਤੇ ਇਸ ਦੇ ਵੇਰਵੇ ਅੰਤਿਕਾ ਵਿਚ ਦੇਖੇ ਜਾ ਸਕਦੇ ਹਨ।

### ਤਨਖਾਹਾਂ ਦੇ ਐਗਰੀਮੈਂਟ ਨੂੰ ਮੁੜ ਖੋਲ੍ਹਣਾ

ਕਮਿਉਨਟੀ ਹੈਲਥ ਪਹਿਲੀ ਐਸੋਸੀਏਸ਼ਨ ਸੀ ਜਿਸ ਨੇ ਸੂਬਾਈ ਸਰਕਾਰ ਦੇ ਤਨਖਾਹਾਂ ਵਿਚ ਜ਼ੀਰੋ ਵਾਧੇ ਦੇ ਆਦੇਸ਼ ਅਧੀਨ ਆਪਣਾ ਕੋਲੈਕਟਿਵ ਐਗਰੀਮੈਂਟ ਕੀਤਾ। ਭਵਿੱਖ ਵਿਚ ਜੇ ਕਿਸੇ ਵੀ ਵੇਲੇ ਸਰਕਾਰ ਆਪਣਾ ਸਰਕਾਰੀ ਆਦੇਸ਼ ਬਦਲਦੀ ਹੈ ਤਾਂ ਅਸੀਂ ਆਪਣਾ ਐਗਰੀਮੈਂਟ ਮੁੜ ਕੇ ਖੋਲ੍ਹਣ ਦੇ ਯੋਗ ਹੋਵਾਂਗੇ ਅਤੇ ਇਸ ਐਗਰੀਮੈਂਟ ਦੀ ਰਹਿੰਦੀ ਮਿਆਦ ਲਈ ਕੁੱਲ ਮੁਆਵਜ਼ੇ ਬਾਰੇ ਮੁੜ ਕੇ ਸੌਦੇਬਾਜ਼ੀ ਕਰਾਂਗੇ।

### ਮਿਆਦ

ਇਸ ਅੰਤਰਿਮ ਐਗਰੀਮੈਂਟ ਦੀ ਮਿਆਦ 1 ਅਪਰੈਲ, 2010 ਤੋਂ ਲੈ ਕੇ 31 ਮਾਰਚ, 2012 ਤੱਕ ਦੋ ਸਾਲ ਹੈ।